X-2/2110

7556/NL

# ਪੰਜਾਬੀ ਲਾਜ਼ਮੀ( ਮੁਢਲਾ ਗਿਆਨ) - 307

## ਸਮੈਸਟਰ- ਤੀਜਾ

Time :- 3 Hours

M.Marks :-75

ਪ੍ਰਸ਼ਨ ਨੰ. 1 ਕੋਈ ਦੋ ਕਵਿਤਾਵਾਂ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ:

(ੳ) ਤਾਜ ਮਹੱਲ (ਅ) ਵਿਦਿਆ ਵੀਚਾਰੀ (ੲ) ਵੈਰੀ ਨਾਗ ਤੇਰਾ ਪਹਿਲਾ ਡਲਕਾ

(ਸ) ਹਲ ਵਾਹੁਣ ਵਾਲੇ (ਹ) ਕਚ-ਸੂਤਕ (02×05=10 ਅੰਕ)

ਪ੍ਰਸ਼ਨ ਨੰ. 2 ਨਿਮਨਲਿਖਤ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਇਸ ਪ੍ਰਕਾਰ ਵਿਆਖਿਆ ਕਰੋ ਕਿ ਅਰਥ ਸਪਸ਼ਟ ਹੋ ਜਾਣ:

(ੳ) ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।<br>ਗੀਤ ਦੀ ਮੌਤ ਇਸ ਰਾਤ ਜੇ ਹੋ ਗਈ, ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ।

(ਅ) ਹੀਰ ਰਾਂਝੇ ਦੇ ਹੋ ਗਏ ਮੇਲੇ, ਭੁੱਲੀ ਹੀਰ ਢੂੰਢੇਂਦੀ ਬੇਲੇ।<br>ਰਾਂਝਾ ਯਾਰ ਬਗਲ ਵਿੱਚ ਖੇਲੇ, ਮੈਨੂੰ ਸੁਧ ਰਹੀ ਨਾ ਸਾਰ।<br>ਇਸ਼ਕ ਦੀ ਨਵੀਉਂ ਨਵੀਂ ਬਹਾਰ।

(ੲ) ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ।<br>ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ। (05 ਅੰਕ)

ਪ੍ਰਸ਼ਨ ਨੰ. 3 ਹੇਠਾਂ ਲਿਖੇ ਅਸ਼ੁੱਧ ਸ਼ਬਦਾਂ ਵਿੱਚੋਂ ਕੋਈ 10 ਨੂੰ ਸ਼ੁੱਧ ਕਰਕੇ ਲਿਖੋ:

ਅੰਮਰਿਤ, ਸੰਸਕਰਿਤ, ਈਸ਼੍ਵਰ, ਦਾਖ਼ਿਲ, ਜੇਹੜਾ, ਸ਼ੈਹਦ, ਗੈਹਣਾ, ਸੌਹਰਾ, ਜੁਲਮ, ਜਰੂਰੀ, ਸੱਤਮਾਂ, ਰਾਸ਼ਟ੍ਰੀ, ਸਉਦਾ, ਪ੍ਰਮਾਤਮਾ, ਤੀਮੀਂ (10×01=10 ਅੰਕ)

ਪ੍ਰਸ਼ਨ ਨੰ. 4 ਨਿਮਨਲਿਖਤ ਵਾਕਾਂ ਵਿੱਚ ਵਿਸ਼ਰਾਮ-ਚਿੰਨ੍ਹ ਲਾਓ:

ਬੱਚਾ ਹੱਸਦਾ ਹੈ ਤੁਸੀਂ ਕਿੱਥੇ ਰਹਿੰਦੇ ਹੋ ਤੇਰਾ ਕੱਖ ਨਾ ਰਹੇ ਵਾਹ ਅੱਜ ਛੁੱਟੀ ਹੈ ਸੂਰਜ ਚੰਦ ਤਾਰੇ ਅਸਮਾਨ ਅਤੇ ਧਰਤੀ ਸਾਰੇ ਮੇਰੇ ਨਾਲ ਨੱਚ ਰਹੇ ਹਨ ਮੈਂ ਬੀ ਬੀ ਏ ਕਰਕੇ ਐਮ ਬੀ ਏ ਕਰਾਂਗਾ ਬਾਬਾ ਨਾਨਕ ਦਾ ਕਥਨ ਹੈ ਨਾਨਕ ਦੁਖੀਆ ਸਭ ਸੰਸਾਰ (10 ਅੰਕ)

ਪ੍ਰਸ਼ਨ ਨੰ. 5 ਕਿਸੇ ਇੱਕ ਵਿਸ਼ੇ 'ਤੇ ਪੈਰਾ ਰਚਨਾ ਕਰੋ:

(ੳ) ਜੀਵਨ ਵਿੱਚ ਖੇਡਾਂ ਦਾ ਮਹੱਤਵ (ਅ) ਮੇਰਾ ਜੀਵਨ-ਉਦੇਸ਼ (ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ (10 ਅੰਕ)

ਪ੍ਰਸ਼ਨ ਨੰ. 6 ਨਿਮਨਲਿਖਤ ਸਵਾਲਾਂ ਦਾ ਸੰਖੇਪ ਜਵਾਬ ਦਿਓ:

(ੳ) ਬਾਬਾ ਨਾਨਕ ਜੀ ਦੀ ਬਾਣੀ 'ਵਿਦਿਆ ਵੀਚਾਰੀ' ਵਿੱਚ ਆਏ ਸ਼ਬਦ 'ਪੰਚ ਰਾਸੀ' ਦਾ ਕੀ ਅਰਥ ਹੈ?

(ਅ) ਬੁਲ੍ਹੇ ਸ਼ਾਹ ਬਾਰੇ ਤੁਸੀਂ ਕੀ ਜਾਣਦੇ ਹੋ?

(ੲ) ਬਾਬਾ ਬੁਲ੍ਹੇ ਸ਼ਾਹ ਦੇ ਮੁਰਸ਼ਦ (ਗੁਰੂ) ਦਾ ਕੀ ਨਾਂ ਸੀ ਅਤੇ ਉਹ ਸੂਫ਼ੀਆਂ ਦੇ ਕਿਸ ਫਿਰਕੇ ਨਾਲ ਸੰਬੰਧਿਤ ਸਨ?

(ਸ) ਵਾਰਿਸ ਸ਼ਾਹ ਨੇ ਹੀਰ ਦਾ ਕਿੱਸਾ ਕਿਸ ਛੰਦ ਵਿੱਚ ਲਿਖਿਆ?

(ਹ) 'ਹੀਰ' ਵਿੱਚ ਆਏ ਸ਼ਬਦ 'ਵੰਝਲੀ' ਦਾ ਕੀ ਅਰਥ ਹੈ?

(ਕ) 'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ' ਵਿੱਚ 'ਸਰਕਾਰ' ਕਿਸਨੂੰ ਆਖਿਆ ਗਿਆ ਹੈ?

(ਖ) 'ਮੇਲੇ ਵਿੱਚ ਜੱਟ' ਕਵਿਤਾ ਦਾ ਰਚਨਾਕਾਰ ਕੌਣ ਹੈ?

(ਗ) 'ਹਲ ਵਾਹੁਣ ਵਾਲੇ' ਕਵਿਤਾ ਵਿੱਚ ਕਵੀ ਨੇ 'ਜਗ ਦੇ ਭੰਡਾਰੀ' ਕਿਸਨੂੰ ਆਖਿਆ ਹੈ?

(ਘ) 'ਤਾਜ ਮਹੱਲ' ਕਵਿਤਾ ਦੀਆਂ ਕੋਈ ਦੋ ਸਤਰਾਂ ਲਿਖੋ।

(ਙ) ਅੰਮ੍ਰਿਤਾ ਪ੍ਰੀਤਮ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(ਚ) ਕਚ-ਸੂਤਕ ਕਵਿਤਾ ਰਾਹੀਂ ਕਵੀ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?

(ਛ) ਸ਼ਿਵ ਦੇ ਗੀਤ 'ਕੀ ਪੁੱਛਦਿਉ ਹਾਲ ਫ਼ਕੀਰਾਂ ਦਾ' ਵਿੱਚ ਵਰਤੇ ਗਏ ਸ਼ਬਦ 'ਤਕਦੀਰ' ਅਤੇ 'ਤਦਬੀਰ' ਦਾ ਅਰਥ ਦੱਸੋ।

(ਜ) ਤੁਹਾਡੇ ਸਿਲੇਬਸ ਵਿੱਚ ਸ਼ਾਮਲ ਸੁਰਜੀਤ ਪਾਤਰ ਦੀ ਗ਼ਜ਼ਲ ਦਾ ਕੋਈ ਇੱਕ ਮਨਪਸੰਦ ਸ਼ਿਅਰ ਲਿਖੋ।

(ਝ) 'ਅਸੀਂ ਲੜਾਂਗੇ ਸਾਥੀ' ਕਵਿਤਾ ਦੇ ਕਵੀ ਪਾਸ਼ ਦਾ ਪੂਰਾ ਨਾਂ ਕੀ ਹੈ?

(ਞ) 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਦਾ ਭਾਵ-ਅਰਥ ਸਮਝਾਓ। (15×02=30 ਅੰਕ)